بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 05.04.2019

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਆਂਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰੀ ਸਹਾਬਾ ਰਿਜ਼ਵਾਨੁਲੱਾਹ ਅਲੈਹਿਮ ਅਜਮਾਈਨ ਦੇ ਸਦਗੁਣਾ ਦਾ ਮਨਭਾਉਂਦਾ ਤੇ ਦਿਲਖਿੱਚਵਾਂ ਵਰਨਣ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 05 ਅਪ੍ਰੈਲ 2019 ਈ. ਨੂੰ ਮਸਜਿਦ ਬੈਤੁਲ ਫ਼ਤੂਹ ਮੋਰਡਨ ਲੰਦਨ (ਬਰਤਾਨੀਆ) ਵਿੱਚ ਦਿੱਤਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਜਿੰਨ੍ਹਾ ਬਦਰੀ ਸਹਾਬਾ ਦਾ ਵਰਨਣ ਕਰਾਂਗਾ ਉਹਨਾਂ ਵਿੱਚੋਂ ਪਹਿਲਾ ਨਾਂ ਹਜ਼ਰਤ ਖ਼ਰਾਸ਼ ਬਿਨ ਸਮਤਾ ਅੰਸਾਰੀ ਦਾ ਹੈ ਆਪ ਦਾ ਸੰਬੰਧ ਖ਼ਜ਼ਰਜ ਕਬੀਲੇ ਦੀ ਸ਼ਾਖ਼ਾ ਬਨੂ ਹਸ਼ਮ ਨਾਲ ਸੀ । ਆਪ ਨੇ ਬਦਰ ਤੇ ਉਹਦ ਦੀ ਜੰਗ ਵਿੱਚ ਭਾਗ ਲਿਆ । ਉਹਦ ਦੀ ਜੰਗ ਵਿੱਚ ਆਪ ਨੂੰ ਦਸ ਜ਼ਖ਼ਮ ਆਏ । ਆਪ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਮਾਹਰ ਤੀਰ ਅੰਦਾਜ਼ਾਂ ਵਿੱਚੋਂ ਸਨ । ਬਦਰ ਦੀ ਜੰਗ ਵਿੱਚ ਹਜ਼ਰਤ ਖ਼ਰਾਸ਼ ਨੇ ਅਬੁਲਆਸ ਨੂੰ ਜੋ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਦਾਮਾਦ ਸਨ ਕੈਦੀ ਬਣਾਇਆ ਸੀ ।

ਦੂਜੇ ਸਹਾਬੀ ਹਜ਼ਰਤ ਉਬੈਦ ਬਿਨ ਤੇਹਾਨ ਹਨ । ਹਜ਼ਰਤ ਉਬੈਦ ਸਤੱਰ ਅੰਸਾਰਾਂ ਨਾਲ ਬੈਅਤੇ ਅਕਬਾ ਵਿੱਚ ਸ਼ਾਮਲ ਹੋਏ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਆਪਦੇ ਅਤੇ ਹਜ਼ਰਤ ਮਸਊਦ ਬਿਨ ਰਬੀਅ ਵਿੱਚਕਾਰ ਭਾਈਬੰਦੀ ਕਰਾਈ । ਆਪ ਆਪਣੇ ਭਰਾ ਹਜ਼ਰਤ ਅਬੁਲ ਹੈਸਮ ਨਾਲ ਬਦਰ ਦੀ ਜੰਗ ਵਿੱਚ ਸ਼ਾਮਲ ਹੋਏ ਅਤੇ ਆਪਨੇ ਉਹਦੀ ਦੀ ਜੰਗ ਵਿੱਚ ਸ਼ੀਹੀਦੀ ਪ੍ਰਾਪਤੀ ਕੀਤੀ ।

ਫਿਰ ਜਿੰਨ੍ਹਾ ਸਹਾਬੀ ਦਾ ਵਰਨਣ ਹੈ ਉਹਨਾ ਦਾ ਨਾਂ ਅਬਦੁਲੱਾਹ ਬਿਨ ਜ਼ੈਦ ਬਿਨ ਸਲਬਹ ਹੈ । ਆਪ ਦੀ ਗੋਤ ਅਬੂ ਮੁਹਮੱਦ ਸੀ ਅਤੇ ਪਿਤਾ ਦਾ ਨਾਂ ਹਜ਼ਰਤ ਜ਼ੈਦ ਬਿਨ ਸਾਅਲਬਾ ਸੀ ਅਤੇ ਇਹ ਵੀ ਸਹਾਬੀ ਸਨ । ਇਹਨਾ ਦਾ ਸੰਬੰਧ ਅੰਸਾਰ ਦੇ ਕਬੀਲੇ ਖ਼ਜ਼ਰਜ ਦੀ ਸ਼ਾਖ਼ਾ ਬਨੂ ਹਸ਼ਮ ਨਾਲ ਸੀ । ਆਪ ਬੈਅਤੇ ਅਕਬਾ ਵਿੱਚ ਸਤੱਰ ਸਹਾਬਾ ਨਾਲ ਸ਼ਾਮਲ ਹੋਏ ਅਤੇ ਬਦਰ, ਉਹਦ, ਖ਼ੰਦਕ ਅਤੇ ਹੋਰਨਾ ਜੰਗਾ ਵਿੱਚ ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਨਾਲ ਸ਼ਾਮਲ ਹੋਏ । ਮੱਕੇ ਦੀ ਫ਼ਤਹ ਸਮੇਂ ਬਨੂ ਹਾਰਸ ਬਿਨ ਖ਼ਜ਼ਰਜ ਦਾ ਝੰਡਾ ਆਪ ਕੋਲ ਸੀ । ਹਜ਼ਰਤ ਅਬਦੁਲੱਾਹ ਬਿਨ ਜ਼ੈਦ ਇਸਲਾਮ ਵਿੱਚ ਆਉਣ ਤੋਂ ਪਹਿਲਾਂ ਅਰਬੀ ਲਿਖੱਣਾ ਜਾਣਦੇ ਸਨ । ਹਜ਼ਰਤ ਅਬਦੁਲੱਾਹ

ਬਿਨ ਜ਼ੈਦ ਉਹ ਸਹਾਬੀ ਹਨ ਜਿੰਨ੍ਹਾ ਨੂੰ ਸੁਪਨੇ ਵਿੱਚ ਅਜ਼ਾਨ ਦੇ ਸ਼ਬਦ ਦੱਸੇ ਗਏ ਅਤੇ ਆਪ ਨੇ ਆਂਹਜ਼ੂਰ ਸਲਲੱਾਹੁ ਲੈਅਹਿ ਵਸਲਮ ਨੂੰ ਇਸ ਬਾਰੇ ਜਾਣੂ ਕਰਾਇਆ, ਜਿਸ'ਤੇ ਆਪ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਬਿਲਾਲ ਨੂੰ ਆਦੇਸ਼ ਦਿਤੱਾ ਕਿ ਉਹ ਇਹਨਾ ਸ਼ਬਦਾਂ ਵਿੱਚ ਅਜ਼ਾਨ ਦੇਵੇ ਜੋ ਹਜ਼ਰਤ ਅਬਦੁਲੱਾਹ ਨੇ ਸੁਪਨੇ ਵਿੱਚ ਦੇਖੇ ਸਨ । ਇਹ ਘਟਨਾ ਮਸਜਿਦ ਨਬਵੀ ਦੀ ਉਸਾਰੀ ਦੇ ਬਾਦ, ਇਕ ਹਿਜਰੀ ਦੀ ਹੈ । ਇਸ ਦਾ ਵਿਸਥਾਰ ਕੁਝ ਇਸ ਪ੍ਰਕਾਰ ਹੈ ਕਿ ਹਜ਼ਰਤ ਅਬੂ ਉਮੈਰ ਬਿਨ ਅਨਸ ਆਪਣੇ ਚਾਚਿਆਂ ਨਾਲ ਰਿਵਾਇਤ ਕਰਦੇ ਹਨ ਕਿ ਉਹਨਾ ਨੇ ਕਿਹਾ ਕਿ ਨਬੀ ਕਰੀਮ ਨੇ ਸੋਚਿਆ ਕਿ ਨਮਾਜ਼ ਲਈ ਲੋਕਾਂ ਨੂੰ ਕਿਵੇਂ ਇਕਤੱਰ ਕੀਤਾ ਜਾਏ । ਆਪਨੂੰ ਅਰਜ਼ ਕੀਤੀ ਗਈ ਕਿ ਨਮਾਜ਼ ਸਮੇਂ ਇਕ ਝੰਡਾ ਗੱਡ ਦਿੱਤਾ ਜਾਏ, ਜੱਦ ਲੋਕ ਦੇਖਣਗੇ ਤਾਂ ਇਕ ਦੂਜੇ ਨੂੰ ਸੂਚਨਾ ਕਰ ਦੇਣਗੇ, ਪਰ ਆਪ ਸਲਲੱਾਹੁ ਅਲੈਹਿ ਵਸਲਮ ਨੂੰ ਇਹ ਵਿਓਂਤ ਪਸੰਦ ਨਹੀਂ ਆਈ । ਰਿਵਾਇਤ ਕਰਨ ਵਾਲੇ ਕਹਿੰਦੇ ਹਨ ਕਿ ਆਪ ਨੂੰ ਨਰਸਿੰਗਾ ਵਜਾਉਣ ਬਾਰੇ ਵਰਨਣ ਕੀਤਾ ਗਿਆ, ਆਪ ਨੇ ਉਸ ਨੂੰ ਵੀ ਪਸੰਦ ਨਹੀਂ ਕੀਤਾ ਕਿ ਇਹ ਯਹੂਦੀਆਂ ਦਾ ਤਰੀਕਾ ਹੈ । ਰਿਵਾਇਤ ਕਰਨ ਵਾਲੇ ਕਹਿੰਦੇ ਹਨ ਫਿਰ ਆਪਨੂੰ ਨਾਕੂਸ ਬਾਰੇ ਵਰਨਣ ਕੀਤਾ ਗਿਆ ਆਪ ਨੇ ਫ਼ਰਮਾਇਆ ਕਿ ਉਹ ਨਸਾਰਾ (ਇਸਾਈਆਂ) ਦਾ ਤਰੀਕਾ ਹੈ । ਹਜ਼ਰਤ ਅਬਦੁਲੱਾਹ ਬਿਨ ਜ਼ੈਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੀ ਚਿੰਤਾ ਕਰਕੇ ਚਿੰਤਾ ਵਿੱਚ ਸਨ । ਆਪ ਆਪਣੇ ਘਰ ਆਏ ਦੁਆ ਕੀਤੀ ਤਾਂ ਕਹਿੰਦੇ ਹਨ ਉਹਨਾ ਨੂੰ ਸੁਪਨੇ ਵਿੱਚ ਅਜ਼ਾਨ ਦਿਖਾਈ ਗਈ । ਆਪ ਬਿਆਨ ਕਰਦੇ ਹਨ ਕਿ ਮੈਂ ਸੁਪਨੇ ਵਿੱਚ ਇਕ ਵਿਅਕਤੀ ਨੂੰ ਦੇਖਿਆ ਜਿਸਦੇ ਹੱਥ ਵਿੱਚ ਨਾਕੂਸ ਸੀ । ਮੈਂ ਉਸ ਤੋਂ ਪੁੱਛਿਆ, ਹੇ ਰੱਬ ਦੇ ਬੰਦੇ ਤੂੰ ਇਸ ਨਾਕੂਸ ਨੂੰ ਵੇਚੇਂਗਾ । ਉਸ ਨੇ ਕਿਹਾ ਤੂੰ ਇਸ ਨਾਲ ਕੀ ਕਰੇਂਗਾ ? ਮੈਂ ਕਿਹਾ ਕਿ ਅਸੀਂ ਇਸ ਰਾਹੀਂ ਲੋਕਾਂ ਨੂੰ ਨਮਾਜ਼ ਲਈ ਬੁਲਾਵਾਂਗੇ । ਉਸ ਨੇ ਕਿਹਾ, ਕੀ ਮੈਂ ਤੁਹਾਨੂੰ ਉਹ ਗੱਲ ਦਸੱਾਂ ਜੋ ਇਸ ਤੋਂ ਚੰਗੀ ਹੈ, ਮੈਂ ਕਿਹਾ ਕਿਉਂ ਨਹੀਂ, ਹਜ਼ਰਤ ਅਬਦੁਲੱਾਹ ਕਹਿੰਦੇ ਹਨ ਕਿ ਫਿਰ ਉਸ ਨੇ ਅਜ਼ਾਨ ਦੇ ਸ਼ਬਦ ਦਹੁਰਾਏ :

اللہ اکبر اللہ اکبر۔ اللہ اکبر اللہ اکبر۔ اشھدان لا الہ الا اللہ۔ اشھدان لا الہ الا اللہ۔ اشھدان محمد رسول اللہ۔ اشھدان محمد رسول اللہ۔ حی علی الصلوۃ۔ حی علی الصلوۃ۔ حی علی الفلاح۔ حی علی الفلاح۔ اللہ اکبر اللہ اکبر۔ لا الہ الا اللہ۔

ਹਜ਼ੂਰ ਅਨਵਰ ਨੇ ਫ਼ਰਮਾਇਆ : ਇਸ ਦੇ ਅਰਥ ਵੀ ਮੈਂ ਪੜ੍ਹ ਦਿੰਦਾ ਹਾਂ ਕਿ ਰੱਬ ਸਭ ਤੋਂ ਵਡੱਾ ਹੈ, ਰੱਬ ਸਭ ਤੋਂ ਵਡੱਾ ਹੈ, ਇਹ ਚਾਰ ਵਾਰ ਕਹਿਣਾ ਹੈ । ਮੈਂ ਗਵਾਹੀ ਦਿੰਦਾ ਹਾਂ ਕਿ ਰੱਬ ਤੋਂ ਬਿਨਾ ਕੋਈ ਇਬਾਦਤ ਯੋਗ ਨਹੀਂ, ਇਹ ਦੋ ਵਾਰ ਕਹਿਣਾ ਹੈ । ਫਿਰ ਮੈਂ ਗਵਾਹੀ ਦਿੰਦਾ ਹਾਂ ਕਿ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਰੱਬ ਦੇ ਰਸੂਲ ਹਨ, ਇਹ ਵੀ ਦੋ ਵਾਰ ਕਹਿਣਾ ਹੈ । ਫਿਰ ਹਯੱਾ ਅਲਸ ਸਲਾਤ (حی علی الصلوٰۃ) ਨਮਾਜ਼ ਵੱਲ ਆਓ, ਨਮਾਜ਼ ਵੱਲ ਆਓ, ਹਯੱਾ ਅਲਲ ਫ਼ਲਾਹ (حی علی الفلاح), ਸਫ਼ਲਤਾ ਵੱਲ ਆਓ, ਸਫ਼ਲਤਾ ਵੱਲ ਆਓ । ਰੱਬ ਸਭ ਤੋਂ ਵਡੱਾ ਹੈ ਇਹ ਦੋ ਵਾਰ ਕਹਿਣਾ ਹੈ ਫਿਰ ਲਾ ਇਲਾਹਾ ਇਲਲੱਾਹ (لا الہ الا اللہ), ਰੱਬ ਤੋਂ ਬਿਨ ਕੋਈ ਇਬਾਦਤ ਦੇ ਯੋਗ ਨਹੀਂ ।

ਫਿਰ ਕਹਿੰਦੇ ਹਨ ਕਿ ਇਹ ਸ਼ਬਦ ਦਹੁਰਾਉਣ ਦੇ ਬਾਦ ਉਹ ਵਿਅਕਤੀ ਮੈਥੋਂ ਕੁਝ ਪਰ੍ਹੇ ਹੱਟਿਆ ਅਤੇ ਫਿਰ ਕਿਹਾ ਕਿ ਜੱਦ ਤੁਸੀਂ ਨਾਮਜ਼ ਖੜੀ ਕਰਨ ਲੱਗੋ ਤਾਂ ਇਹ ਕਿਹਾ ਕਰੋ । ਫਿਰ ਤਕਬੀਰ ਦੇ ਸ਼ਬਦ ਦਹੁਰਾਏ ਕਿ :

اللہ اکبر اللہ اکبر۔ اشھدان لا الہ الا اللہ اشھدان محمد رسول اللہ حی علی الصلوۃ حی علی الفلاح قد قامت الصلوۃ قد قامت الصلوۃ اللہ اکبر اللہ اکبر لا الہ الا اللہ۔

ਕਹਿੰਦੇ ਹਨ ਕਿ ਸਵੇਰ ਹੋਈ ਤਾਂ ਮੈਂ ਆਂਹਜ਼ਤ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵਿੱਚ ਹਾਜ਼ਰ ਹੋਇਆ ਅਤੇ ਜੋ ਮੈਂ ਦੇਖਿਆ ਸੀ ਬਿਆਨ ਕਰ ਦਿਤੱਾ । ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਨਿਸ਼ਚੇ ਹੀ ਰੱਬ ਚਾਹੇ ਤਾਂ ਇਹ ਸਚੱਾ ਸੁਪਨਾ ਹੈ । ਤੁਸੀਂ ਬਿਲਾਲ ਨਾਲ ਖ਼ੜੇ ਹੋ ਜਾਓ ਅਤੇ ਜੋ ਤੁਸੀਂ ਦੇਖਿਆ ਹੈ ਉਹ ਦਸਦੇ ਜਾਓ । ਉਹ ਇਹਨਾ ਸ਼ਬਦਾਂ ਵਿੱਚ ਅਜ਼ਾਨ ਦੇ ਦੇਵੇ । ਸੋ, ਮੈਂ ਬਿਲਾਲ ਨਾਲ ਖੜਾ ਹੋ ਗਿਆ, ਮੈਂ ਉਹਨਾ ਨੂੰ ਦਸੱਦਾ ਜਾਂਦਾ ਸੀ ਅਤੇ ਉਹ ਇਸ ਅਨੁਸਾਰ ਅਜ਼ਾਨ ਦਿੰਦੇ ਜਾਂਦੇ ਸਨ । ਰਿਵਾਇਤ ਕਰਤਾ ਦਾ ਬਿਆਨ ਹੈ ਕਿ ਜੱਦ ਹਜ਼ਰਤ ਉਮਰ ਬਿਨ ਖ਼ਤਾਬ ਰਜ਼ੀ ਅਲੱਾਹ ਅਨਹੁ ਨੇ ਇਹ ਅਜ਼ਾਨ ਸੁਣੀ ਤਾਂ ਉਹ ਆਪਣੇ ਘਰ ਵਿੱਚ ਸਨ, ਉਹ ਆਪਣੀ ਚਦੱਰ ਖਿਚੱਦਿਆਂ ਹੋਇਆਂ ਨਿਕਲੇ ਅਤੇ ਕਹਿ ਰਹੇ ਸਨ ਕਿ ਉਸ ਦੀ ਸਹੁੰ ਜਿਸ ਨੇ ਆਪ ਨੂੰ ਸਚੱਾਈ ਨਾਲ ਭੇਜਿਆ ਹੈ, ਹੇ ਰਸੂਲੁਲੱਾਹ ਮੈਂ ਵੀ ਉਹੋ ਦੇਖਿਆ ਹੈ ਜੋ ਉਸ ਨੇ ਦੇਖਿਆ ਹੈ ਇਹ ਸੁਣਕੇ ਆਪ ਨੇ ਫ਼ਰਮਾਇਆ ਕਿ ਸਾਰੀਆਂ ਉਸਤਤੀਆਂ ਰੱਬ ਲਈ ਹਨ । ਇਕ ਹੋਰ ਰਿਵਾਇਤ ਵਿੱਚ ਇਹ ਹੈ ਕਿ ਜੱਦ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਅਜ਼ਾਨ ਦੇ ਸ਼ਬਦ ਸੁਣੇ ਤਾਂ ਫ਼ਰਮਾਇਆ ਕਿ ਇਸੇ ਅਨੁਸਾਰ ਵਹੀ ਵੀ ਹੋ ਚੁਕੀ ਹੈ ।

ਫਿਰ ਅਬਦੁਲੱਾਹ ਬਿਨ ਜ਼ੈਦ ਜਿੰਨ੍ਹਾ ਨੂੰ ਅਜ਼ਾਨ ਸੁਪਨੇ ਵਿੱਚ ਦਿਖਾਈ ਗਈ ਸੀ ਉਹਨਾ ਨੇ ਆਪਣਾ ਸਾਰਾ ਮਾਲ ਸਦਕਾ (ਦਾਨ) ਕਰ ਦਿਤੱਾ । ਇਸ'ਤੇ ਆਪ ਦੇ ਪਿਤਾ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਕੋਲ ਆਏ ਅਤੇ ਅਰਜ਼ ਕੀਤੀ ਕਿ ਹੇ ਰਸੂਲੁਲੱਾਹ ! ਅਬਦੁਲੱਾਹ ਬਿਨ ਜ਼ੈਦ ਨੇ ਆਪਣਾ ਮਾਲ ਸਦਕਾ (ਦਾਨ) ਕੀਤਾ ਹੈ ਅਤੇ ਉਹ ਉਸ'ਤੇ ਜੀਵਨ ਬਤੀਤ ਕਰ ਰਹੇ ਸਨ । ਇਸ'ਤੇ ਰਸੂਲੁਲੱਾਹ ਸਲੱਲਾਹੁ ਅਲੈਹਿ ਵਸਲਮ ਨੇ ਹਜ਼ਰਤ ਅਬਦੁਲੱਾਹ ਬਿਨ ਜ਼ੈਦ ਨੂੰ ਬੁਲਾਕੇ ਫ਼ਰਮਾਇਆ ਕਿ ਨਿਸ਼ਚੇ ਹੀ ਰੱਬ ਨੇ ਤੈਥੋਂ ਤੇਰਾ ਦਾਨ ਰੱਬ ਨੇ ਕ਼ਬੂਲ ਕਰ ਲਿਆ ਜੋ ਤੂੰ ਦਿਤੱਾ, ਹਾਂ ਇਸ ਨੂੰ ਵਿਰਸੇ ਦੇ ਰੂਪ ਵਿੱਚ ਆਪਣੇ ਪਿਤਾ ਨੂੰ ਪਰਤਾ ਦੇ ।

ਇਕ ਮੌਕੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਅਬਦੁਲੱਾਹ ਬਿਨ ਜ਼ੈਦ ਨੂੰ ਆਪਣੇ ਨਹੁ ਬਰਕਤ ਦੇ ਰੂਪ ਵਿੱਚ ਦਿਤੇ । ਇਸ ਦਾ ਵਿਸਥਾਰ ਇਹ ਹੈ ਕਿ ਹਜ਼ਰਤ ਅਬਦੁਲੱਾਹ ਬਿਨ ਜ਼ੈਦ ਦੇ ਪੁਤੱਰ ਮੁਹਮੱਦ ਨੇ ਬਿਆਨ ਕੀਤਾ ਕਿ ਉਹਨਾ ਦੇ ਪਿਤਾ ਨਬੀ ਕਰੀਮ ਸਲਲੱਾਹੁ ਅਲੈਹਿ ਦੇ ਕੋਲ ਹਜੱਾਤੁਲ ਵਿਦਾਅ ਦੇ ਮੌਕੇ ਮਨੀ ਦੇ ਮੈਦਾਨ ਵਿੱਚ ਮਿਨਹਰ ਅਰਥਾਤ ਕੁਰਬਾਨੀ ਕਰਨ ਵਾਲੇ ਖੇਤਰ ਵਿੱਚ ਕੁਰਬਾਨੀ ਸਮੇਂ ਹਾਜ਼ਰ ਸਨ ਅਤੇ ਆਪ ਦੇ ਨਾਲ ਅੰਸਾਰ ਵਿੱਚੋਂ ਇਕ ਵਿਅਕਤੀ ਹੋਰ ਵੀ ਸੀ । ਰਸੂਲੁਲੱਾਹ ਸਲਲੱਾਹੁ ਆਲੈਹਿ ਵਸਲਮ ਨੇ ਕੁਰਬਨੀਆਂ ਵੰਡੀਆਂ ਤਾਂ ਹਜ਼ਰਤ ਅਬਦੁਲੱਾਹ ਬਿਨ ਜ਼ੈਦ ਅਤੇ ਉਹਨਾ ਦੇ ਅੰਸਾਰੀ ਸਾਥੀ ਨੂੰ ਕੁਝ ਨ ਮਿਲਿਆ । ਫਿਰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਇਕ ਕਪੜੇ ਵਿੱਚ ਆਪਣੇ ਵਾਲ ਉਤਰਵਾਏ ਅਤੇ ਉਹਨਾ ਨੂੰ ਲੋਕਾਂ ਵਿੱਚ ਵੰਡ ਦਿਤੱਾ ਫਿਰ ਆਪ ਨੇ ਆਪਣੇ ਨਹੁ ਕਟਵਾਏ ਅਤੇ ਹਜ਼ਰਤ ਅਬਦੁਲੱਾਹ ਬਿਨ ਜ਼ੈਦ ਅਤੇ ਉਹਨਾ ਦੇ ਅੰਸਾਰ ਸਾਥੀ ਨੂੰ ਦੇ ਦਿੱਤੇ ।

ਅਲੱਾਮਾ ਜ਼ਰਕਾਨੀ ਲਿਖਦੇ ਹਨ ਕਿ ਹਜ਼ਰਤ ਅਬਦੁਲੱਾਹ ਬਿਨ ਜ਼ੈਦ ਆਪਣੇ ਬਾਗ ਵਿੱਚ ਕੰਮ ਕਰ ਰਹੇ ਸਨ ਕਿ ਆਪ ਦਾ ਪੁਤੱਰ ਆਪ ਦੇ ਕੋਲ ਆਇਆ ਅਤੇ ਆਪ ਨੂੰ ਖ਼ਬਰ ਦਿੱਤੀ ਕਿ ਨਬੀ ਕਰੀਮ ਸਲਲਾਹੁ ਅਲੈਹਿ ਵਸਲਮ ਵਫ਼ਾਤ ਪਾ ਗਏ ਹਨ । ਇਸ'ਤੇ ਆਪ ਨੇ ਕਿਹਾ اللهم اذهب بصری حتی لا اری بعد حبیبی محمد احدا ਕਿ ਹੇ ਮੇਰੇ ਰੱਬ ਤੂੰ ਮੇਰੀ ਨਜ਼ਰ ਨੂੰ ਲੈ ਜਾ ਇੱਥੋਂ ਤੱਕ ਕਿ ਮੈਂ ਆਪਣੇ ਮਹਿਬੂਬ ਮੁਹਮੱਦ ਸਲਲੱਾਹੁ ਅਲੈਅਹਿ ਵਸਲਮ ਦੇ ਬਾਦ ਕਿਸੇ ਨੂੰ ਨ ਦੇਖ ਸਕਾਂ । ਕਹਿੰਦੇ ਹਨ ਕਿ ਇਸ ਦੇ ਬਾਦ ਆਪਦੀ ਨਜ਼ਰ ਜਾਂਦੀ ਰਹੀ ਅਤੇ ਆਪ ਅੰਨ੍ਹੇ ਹੋ ਗਏ। ਹਜ਼ਰਤ ਅਬਦੁਲੱਾਹ ਬਿਨ ਜ਼ੈਦ ਸਾਰੀਆਂ ਜੰਗਾ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਨਾਲ ਸ਼ਾਮਲ ਹੋਏ ਸਨ । ਆਪ ਦੀ ਵਫ਼ਾਤ ਹਜ਼ਰਤ ਉਸਮਾਨ ਦੀ ਖ਼ਿਲਾਫ਼ਤ ਦੇ ਅੰਤਮ ਕਾਲ ਵਿੱਚ 32 ਹਿਜਰੀ ਵਿੱਚ ਮਦੀਨੇ

ਵਿੱਚ ਹੋਈ ਸੀ ਜਿਸ ਸਮੇਂ ਆਪ ਦੀ ਉਮਰ 64 ਸਾਲ ਸੀ । ਆਪ ਦੀ ਨਮਾਜ਼ ਜਨਾਜ਼ਾਹ ਹਜ਼ਰਤ ਉਸਮਾਨ ਨੇ ਪੜ੍ਹਾਈ ।

ਫਿਰ ਜਿਸ ਸਹਾਬੀ ਦਾ ਵਰਨਣ ਹੈ ਉਹਨਾ ਦਾ ਨਾਂ ਹਜ਼ਰਤ ਮਆਜ਼ ਬਿਨ ਉਮੱਰੋ ਜਮੂਹ ਹੈ । ਆਪਦਾ ਸੰਬੰਧ ਬਨੂ ਖ਼ਜ਼ਰਜ ਦੀ ਸ਼ਾਖ਼ਾ ਬਨੂ ਸਲਮਾ ਨਾਲ ਸੀ ਆਪ ਬੈਅਤੇ ਅਕਬਾ ਸਾਨੀਆ ਅਤੇ ਬਦਰ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ ਸਨ । ਆਪ ਦੇ ਪਿਤਾ ਹਜ਼ਰਤ ਉਮੱਰੋ ਬਿਨ ਜਮੂਹ ਸਹਾਬੀ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਸਨ ਜੋ ਉਹਦ ਦੀ ਜੰਗ ਵਿੱਚ ਸ਼ਹੀਦ ਹੋਏ ਸਨ । ਆਪਦੀ ਮਾਤਾ ਨਾਂ ਹਿੰਦ ਬਿੰਤ ਉਮੱਰੋ ਸੀ । ਹਜ਼ਰਤ ਮਆਜ਼ ਬੈਅਤੇ ਅਕਬਾ ਸਾਨੀਆ ਵਿੱਚ ਸ਼ਾਮਲ ਹੋਏ ਸਨ ਪਰ ਇਹਨਾ ਦੇ ਪਿਤਾ ਉਮੱਰੋ ਬਿਨ ਜਮੂਹ ਆਪਣੇ ਅਨੇਕ ਈਸ਼ਵਰ ਵਾਦੀ ਅਕੀਦਿਆਂ ਉਪੱਰ ਬਹੁਤ ਸ਼ਖਤੀ ਨਾਲ ਕਾਇਮ ਸਨ । ਸੀਰਤ ਇਬਨੇ ਹਸ਼ੱਾਮ ਵਿੱਚ ਹਜ਼ਰਤ ਮਆਜ਼ ਦੇ ਪਿਤਾ ਦਾ ਇਸਲਾਮ ਕੁਬੂਲ ਕਰਨ ਦੀ ਘਟਨਾ ਵਰਨਣ ਹੈ ਕਿ ਜੱਦ ਬੈਅਤੇ ਅਕਬਾ ਸਾਨੀਆ ਵਿੱਚ ਸ਼ਾਮਲ ਹੋਣ ਵਾਲੇ ਲੋਕ ਮਦੀਨੇ ਵਾਪਸ ਆਏ ਤਾਂ ਉਹਨਾ ਨੇ ਇਸਲਾਮ ਦਾ ਬਹੁਤ ਪ੍ਰਚਾਰ ਕੀਤਾ । ਉਹਨਾ ਦੀ ਕੌਮ ਵਿੱਚ ਕੁਝ ਵਡੇਰੇ ਬਜ਼ੁਰਗ ਹੁਣ ਤੱਕ ਅਪਣੇ ਸ਼ਿਰਕ ਦੇ ਦੀਨ ਉਪੱਰ ਕਾਇਮ ਸਨ । ਉਹਨਾਂ ਵਿੱਚੋਂ ਇਕ ਉਮੱਰੋ ਬਿਨ ਜਮੂਹ ਵੀ ਸਨ । ਉਮੱਰੋ ਬਿਨ ਜਮੂਹ ਬਨੂ ਸਲਮਾ ਦੇ ਸਰਦਾਰਾਂ ਵਿੱਚੋਂ ਸਨ । ਉਹਨਾਂ ਨੇ ਆਪਣੇ ਘਰ ਵਿੱਚ ਲਕੱੜ ਦਾ ਇਕ ਬੁੱਤ ਬਣਾਕੇ ਰੱਖਿਆ ਹੋਇਆ ਸੀ ਜਿਸਦੀ ਇਬਾਦਤ ਕਰਿਆ ਕਰਦੇ ਸਨ । ਬੈਅਤੇ ਅਕਬਾ ਸਾਨੀਆ ਦੇ ਬਾਦ ਹਜ਼ਰਤ ਮਆਜ਼ ਬਿਨ ਜਬਲ ਅਤੇ ਹਜ਼ਰਤ ਮਆਜ਼ ਬਿਨ ਉਮੱਰੋ ਬਿਨ ਜਮੂਹ ਰਾਤ ਨੂੰ ਉਮੱਰੋ ਬਿਨ ਜਮੂਹ ਦੇ ਬੁੱਤ ਖਾਨੇ ਵਿੱਚ ਦਾਖ਼ਲ ਹੋਕੇ ਉਸ ਬੁੱਤ ਨੂੰ ਚੁਕੱ ਕੇ ਲੈ ਆਏ ਅਤੇ ਉਸ ਨੂੰ ਬਨੂ ਸਲਮਾ ਦੇ ਕੂੜਾ ਕਰਕਟ ਦੇ ਖੱਡ ਵਿੱਚ ਸੁੱਟ ਦਿਤੱਾ । ਜੱਦ ਸਵੇਰੇ ਉਮੱਰੋ ਉਠੱੇ ਤਾਂ ਕਹਿੰਦੇ ਤੁਹਾਡਾ ਬੁਰਾ ਹੋਵੇ ਕਿਸ ਨੇ ਰਾਤ ਨੂੰ ਸਾਡੇ ਪੂਜਕਾਂ ਨਾਲ ਦੁਸ਼ਮਣੀ ਕੀਤੀ । ਫਿਰ ਉਸ ਨੂੰ ਢੂੰਡਣ ਲਈ ਨਿਕਲ ਪੈਂਦੇ, ਇੱਥੋਂ ਤੱਕ ਕਿ ਜੱਦ ਉਸ ਨੂੰ ਢੂੰਡ ਲੈਂਦੇ ਤਾਂ ਉਸ ਨੂੰ ਧੋਂਦੇ ਸਾਫ਼ ਕਰਦੇ ਫਿਰ ਕਹਿੰਦੇ ਰੱਬ ਦੀ ਸਹੁੰ ਜੇਕਰ ਮੈਂਨੂੰ ਪਤਾ ਲੱਗ ਜਾਏ ਕਿ ਕਿਸਨੇ ਤੇਰੇ ਨਾਲ ਅਜਿਹਾ ਕੀਤਾ ਹੈ ਤਾਂ ਮੈਂ ਅਵਸ਼ ਉਸਨੂੰ ਰੁਸਵਾ ਕਰਾਂਗਾ । ਫਿਰ ਜੱਦ ਰਾਤ ਹੁੰਦੀ ਅਤੇ ਉਮੱਰੋ ਸੌਂ ਜਾਂਦੇ ਤਾਂ ਮੁੜ੍ਹ ਉਹਨਾ ਦੇ ਪੁਤੱਰ ਉਹੋ ਹਰਕਤ ਕਰਦੇ । ਇਕ ਰਾਤ ਉਹਨਾ ਨੇ ਆਪਣੀ ਤਲਵਾਰ ਉਸਦੇ ਗੱਲ ਵਿੱਚ ਲਟਕਾ ਦਿੱਤੀ ਅਤੇ ਕਿਹਾ ਕਿ ਰੱਬ ਦੀ ਸਹੁੰ ਨਿਸ਼ਚੇ ਹੀ ਮੈਂਨੂੰ ਇਹ ਤਾਂ ਨਹੀਂ ਪਤਾ ਕਿ ਤੇਰੇ ਨਾਲ ਕੌਣ ਅਜਿਹਾ ਕਰਦਾ ਹੈ, ਸੋ, ਜੇਕਰ ਤਰੇ ਵਿੱਚ ਕੋਈ ਤਾਕਤ ਹੈ ਤਾਂ ਉਸ ਨੂੰ ਰੋਕ ਲੈ ਅਤੇ ਜੱਦ ਸ਼ਾਮ ਹੋਈ ਅਤੇ ਉਮੱਰੋ ਸੌਂ ਗਏ ਤਾਂ ਇਹਨਾ ਨੌਜੁਆਨਾ ਨੇ ਇਸ ਬੁੱਤ ਨਾਲ ਉਹੋ ਸੁਲੂਕ ਕੀਤਾ । ਜੱਦ ਉਮੱਰੋ ਬਿਨ ਜਮੂਹ ਸਵੇਰੇ ਉੱਠੇ ਤਾਂ ਉਹਨਾ ਨੇ ਉਸ ਬੁੱਤ ਨੂੰ ਆਣੀ ਥਾਂ ਨਾ ਪਾਇਆ ਜਿੱਥੇ ਰੱਖਿਆ ਜਾਂਦਾ ਸੀ । ਸੋ, ਉਹ ਉਸਨੂੰ ਢੂੰਡਦੇ ਰਹੇ ਇੱਥੋਂ ਤੱਕ ਕਿ ਉਸ ਖੂਹ ਵਿੱਚ ਮੂਧੇ ਮੂੰਹ ਮੋਏ ਕੁੱਤੇ ਨਾਲ ਬੰਨ੍ਹਿਆ ਹੋਇਆ ਪਾਇਆ । ਜੱਦ ਉਹਨਾ ਨੇ ਇਹ ਦ੍ਰਿਸ਼ ਦੇਖਿਆ ਤਾਂ ਉਹਨਾ'ਤੇ ਸਚੱਾਈ ਖੁੱਲ ਗਈ ਅਤੇ ਉਹਨਾਂ ਦੀ ਕੌਮ ਦੇ ਮੁਸਲਮਾਨ ਲੋਕਾਂ ਨੇ ਵੀ ਉਹਨਾ ਨੂੰ ਇਸਲਾਮ ਦੀ ਸਿੱਖਿਆ ਦਿੱਤੀ ਤਾਂ ਆਪ ਰੱਬ ਦੀ ਰਹਿਮਤ ਨਾਲ ਇਸਲਾਮ ਵਿੱਚ ਦਾਖ਼ਲ ਹੋ ਗਏ ।

ਹਜ਼ਰਤ ਮਆਜ਼ ਬਿਨ ਉਮੱਰੋ ਬਿਨ ਜਮੂਹ ਅਬੂ ਜਹਿਲ ਨੂੰ ਕਤਲ ਕਰਨ ਵਾਲਿਆਂ ਵਿੱਚ ਵੀ ਸ਼ਾਮਲ ਸਨ। ਹਜ਼ਰਤ ਮਆਜ਼ ਬਿਨ ਉਮੱਰੋ ਬਿਨ ਜਮੂਹ ਅਤੇ ਹਜ਼ਰਤ ਮਆਜ਼ ਬਿਨ ਅਫ਼ਰਾ ਨੇ ਅਬੂ ਜਹਿਲ ਉਪੱਰ ਹਮਲਾ ਕਰਕੇ ਉਸਨੂੰ ਕਤਲ ਕੀਤਾ ਸੀ ਅਤੇ ਹਜ਼ਰਤ ਅਬਦੁਲੱਾਹ ਬਿਨ ਮਸਊਦ ਨੇ ਅਬੁ ਜਹਿਲ ਦਾ ਸਿਰ ਕਲਮ ਕੀਤਾ ਸੀ । ਹਜ਼ਰਤ ਅਨਸ ਬਿਆਨ ਕਰਦੇ ਹਨ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਬਦਰ ਦੀ ਜੰਗ ਦੇ ਦਿਨ

ਫ਼ਰਮਾਇਆ ਕੌਣ ਦੇਖੇਗਾ ਕਿ ਅਬੂ ਜਿਹਲ ਦਾ ਕੀ ਹਾਲ ਹੋਇਆ ਹੈ । ਹਜ਼ਰਤ ਇਬਨੇ ਮਸਊਦ ਗਏ ਅਤੇ ਜਾਕੇ ਦੇਖਿਆ ਕਿ ਉਸ ਨੂੰ ਅਫ਼ਰਾ ਦੇ ਦੋਹਾਂ ਪੁਤੱਰਾਂ ਮਆਜ਼ ਅਤੇ ਮਊਜ਼ ਨੇ ਤਲਵਾਰਾਂ ਨਾਲ ਮਾਰਿਆ ਹੈ ਕਿ ਉਹ ਮਰਨ ਦੇ ਨੇੜੇ ਹੋ ਗਿਆ ਹੈ । ਹਜ਼ਰਤ ਇਬਨੇ ਮਸਊਦ ਨੇ ਪੁੱਛਿਆ ਕਿ ਕੀ ਤੁਸੀਂ ਅਬੂ ਜਹਿਲ ਹੋ, ਅਬੂ ਜਹਿਲ ਕਹਿਣ ਲਗਾੱ ਕੀ ਉਸ ਤੋਂ ਵੀ ਵਧੱਕੇ ਵੀ ਕੋਈ ਵਿਅਕਤੀ ਹੈ ਜਿਸ ਨੂੰ ਤੁਸੀਂ ਮਾਰਿਆ ਹੈ ।

ਹਜ਼ਰਤ ਸਯੱਦ ਜ਼ੈਨੁਲ ਆਬਿਦੀਨ ਵਲੀ ਉਲੱਾਹ ਸ਼ਾਹ ਸਾਹਬ ਅਬੂ ਜਹਿਲ ਦੇ ਕਾਤਲਾਂ ਬਾਰੇ ਭਿੰਨਤਾ ਦਾ ਹਲ ਬਿਆਨ ਕਰਦੇ ਹੋਏ ਲਿਖੱਦੇ ਹਨ ਕਿ ਕਈ ਰਿਵਾਇਤਾਂ ਵਿੱਚ ਹੈ ਕਿ ਅਫ਼ਰਾ ਦੇ ਦੋਵੇਂ ਪੁਤੱਰਾਂ ਮਊਜ਼ ਅਤੇ ਮਆਜ਼ ਨੇ ਅਬੂ ਜਹਿਲ ਨੂੰ ਮੌਤ ਦੇ ਨੇੜੇ ਪਹੁੰਚਾ ਦਿਤੱਾ, ਬਾਦ ਵਿੱਚ ਹਜ਼ਰਤ ਅਬਦੁਲੱਾਹ ਬਿਨ ਮਸਊਦ ਨੇ ਉਸਦਾ ਸਿਰ ਸ਼ਰੀਰ ਤੋਂ ਅੱਡ ਕਰ ਦਿਤੱਾ ਸੀ । ਇਮਾਮ ਇਬਨੇ ਹਜਰ ਨੇ ਇਸ ਸੰਭਾਵਨਾ ਦਾ ਪ੍ਰਕਟਨ ਕੀਤਾ ਹੈ ਕਿ ਮਆਜ਼ ਬਿਨ ਉਮਰੋ ਅਤੇ ਮਆਜ਼ ਬਿਨ ਅਫ਼ਰਾ ਦੇ ਬਾਦ ਮਊਜ਼ ਬਿਨ ਅਫ਼ਰਾ ਨੇ ਵੀ ਉਸ’ਤੇ ਵਾਰ ਕੀਤਾ ਹੋਵੇਗਾ, ਇਸ ਲਈ ਪਹਿਲੀਆਂ ਦੋ ਰਿਵਾਇਤਾਂ ਵਿੱਚ ਇਹਨਾਂ ਦੋਹਾਂ ਭਰਾਵਾਂ ਦਾ ਵੀ ਵਰਨਣ ਮਿਲਦਾ ਹੈ । ਦੂਜੀ ਰਿਵਾਇਤ ਵਿੱਚ ਦੋ ਵੱਖ ਵੱਖ ਲੋਕਾਂ ਦਾ ਵਰਨਣ ਮਿਲਦਾ ਹੈ । ਅਤੇ ਸ਼ਰਾਹੁਲਬਾਰੀ ਵਿੱਚ ਲਿੱਖਿਆ ਹੈ ਕਿ ਹੋ ਸਕਦਾ ਹੈ ਕਿ ਇਹ ਤਿੰਨੇ ਹੀ ਹੋਣ ।

ਇਕ ਰਿਵਾਇਤ ਵਿੱਚ ਇਹ ਵੀ ਹੈ ਕ ਅਬੂ ਜਹਿਲ ਨੇ ਮਰਦੇ ਸਮੇਂ ਹਜ਼ਰਤ ਅਬਦੁਲੱਾਹ ਬਿਨ ਮਸਊਦ ਨੂੰ ਕਿਹਾ ਕਿ ਉਸ ਅਰਥਾਤ ਮੁਹਮੱਦ ਸਲਲੱਾਹੁ ਐਲੈਹਿ ਵਸਲਮ ਨੂੰ ਕਹਿਣਾ ਕਿ ਮੈਂ ਸਾਰਾ ਜੀਵਨ ਉਸ ਦਾ ਦੁਸ਼ਮਣ ਰਿਹਾ ਅਤੇ ਅੱਜ ਇਸ ਸਮੇਂ ਵੀ ਮੈਂ ਉਸਦੀ ਦੁਸ਼ਮਣੀ ਵਿੱਚ ਅਤਿ ਤੱਕ ਹਾਂ । ਹਜ਼ਰਤ ਅਬਦੁਲੱਾਹ ਬਿਨ ਮਸਊਦ ਨੇ ਅਬੂ ਜਹਿਲ ਦਾ ਸਿਰ ਕਲਮ ਕੀਤਾ ਅਤੇ ਉਸ ਦਾ ਸਿਰ ਲੈਕੇ ਜੱਦ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵਿੱਚ ਹਾਜ਼ਰ ਹੋਏ ਤਾਂ ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਜਿਸ ਪ੍ਰਕਾਰ ਮੈਂ ਰੱਬ ਨੇੜੇ ਸਾਰਿਆਂ ਨਬੀਆਂ ਤੋਂ ਬਹੁਤਾ ਸਨਮਾਨਤ ਤੇ ਮਾਨ ਯੋਗ ਹਾਂ ਅਤੇ ਮੇਰੀ ਕੌਮ ਰੱਬ ਨੇੜੇ ਸਾਰੀਆਂ ਕੌਮਾ ਤੋਂ ਬਹੁਤੀ ਸਨਮਾਨ ਜਨਕ ਤੇ ਮਾਣਯੋਗ ਹੈ । ਇਸੇ ਪ੍ਰਕਾਰ ਇਸ ਉਮੱਤ (ਕੌਮ) ਦਾ ਫ਼ਿਰਔਨ ਸਾਰੀਆਂ ਕੌਮਾਂ ਦੇ ਫ਼ਿਰਔਨਾ ਤੋਂ ਵੱਧ ਕਰੜਾ ਤੇ ਤਸ਼ੱਦਦ ਪਸੰਦ ਹੈ ਅਤੇ ਇਸਦਾ ਕਾਰਣ ਇਹ ਹੈ ਕਿ :

حَتّٰٓى اِذَآ اَدْرَكَهُ الْغَرَقُ ۙ قَالَ اٰمَنْتُ اَنَّهٗ لَآ اِلٰهَ اِلَّا الَّذِيْٓ اٰمَنَتْ بِهٖ بَنُوْٓا اِسْرَآءِيْلَ

ਕਿ ਜੱਦ ਉਸ ਨੂੰ ਗਰਕ ਹੋਣ ਦੇ ਪ੍ਰਕੋਪ ਨੇ ਆਣ ਦਬੋਚਿਆ ਤਾਂ ਉਸ ਨੇ ਕਿਹਾ ਕਿ ਮੈਂ ਇਮਾਨ ਲਿਆਉਂਦਾ ਹਾਂ ਕਿ ਕੋਈ ਪੂਜਣ ਯੋਗ ਨਹੀ ਪਰ ਉਹ ਜਿਸ’ਤੇ ਬਨੀ ਇਸਰਾਈਲ ਇਮਾਨ ਲਿਆਏ । ਜੱਦ ਕਿ ਇਸ ਉਮੱਤ ਦਾ ਫ਼ਿਰਔਨ ਦੁਸ਼ਣੀ ਤੇ ਕੁਫ਼ਰ ਵਿੱਚ ਬਹੁਤ ਵਧੱਕੇ ਹੈ । ਇਸ ਤੋਂ ਬਿਨਾ ਇਕ ਰਿਵਾਇਤ ਵਿੱਚ ਇਹ ਵੀ ਹੈ ਕਿ ਅਬੂ ਜਹਿਲ ਦਾ ਸਿਰ ਦੇਖਣ’ਤੇ ਫ਼ਰਮਾਇਆ, ਆਂਹਜ਼ੂਰ ਸਲਲਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ اللہ الذی لاالہ الاھو ਕਿ ਰੱਬ ਉਹ ਜ਼ਾਤ ਹੈ ਜਿਸ ਤੋਂ ਬਿਨਾ ਕੋਈ ਪੂਜਨ ਯੋਗ ਨਹੀਂ । ਇਸੇ ਪ੍ਰਕਾਰ ਆਪ ਸਲਲਾਹੁ ਅਲੈਹਿ ਵਸਲਮ ਨੇ ਤਿੰਨ ਵਾਲ ਇਹ ਫ਼ਰਮਾਇਆ ਕਿ الحمدللہ الذی اعز الاسلام واھلہ ਕਿ ਹਰ ਪ੍ਰਕਾਰ ਦੀ ਉਸਤਤੀ ਤੇ ਪ੍ਰਸ਼ੰਸਾ ਦਾ ਅਧਿਕਾਰੀ ਰੱਬ ਹੀ ਹੈ ਜਿਸ ਨੇ ਇਸਲਾਮ ਅਤੇ ਉਸ ਦੇ ਮੰਨ੍ਹਣ ਵਾਲਿਆਂ ਨੂੰ ਸਨਮਾਨ ਦਿਤੱਾ । ਇਸੇ ਪ੍ਰਕਾਰ ਇਹ ਵਰਨਣ ਮਿਲਦਾ ਹੈ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਨਿਸ਼ਚੇ ਹੀ ਹਰ ਉਮੱਤ ਦਾ ਇਕ ਫ਼ਿਰਔਨ ਹੁੰਦਾ ਹੈ ਅਤੇ ਇਸ ਉਮੱਤ ਦਾ ਫ਼ਿਰਔਨ ਅਬੂ ਜਹਿਲ ਸੀ ਜਿਸਨੂੰ ਰੱਬ ਨੇ ਬਹੁਤ ਹੀ ਬੁਰੇ ਰੂਪ ਵਿੱਚ ਕਤਲ ਕਰਾ ਦਿਤੱਾ ।

ਹਜ਼ਰਤ ਮਆਜ਼ ਬਿਨ ਉਮਰੋ ਬਿਨ ਜਮੂਹ ਦੀ ਵਫ਼ਾਤ ਹਜ਼ਰਤ ਉਸਮਾਨ ਦੇ ਕਾਲ ਵਿੱਚ ਹੋਈ । ਹਜ਼ਰਤ ਉਸਮਾਨ ਨੇ ਆਪਦਾ ਜਨਾਜ਼ਾਹ ਪੜ੍ਹਿਆ ਅਤੇ ਆਪ ਜਨੱਤੁਲ ਬਕੀ ਵਿੱਚ ਦਫ਼ਨ ਹੋਏ । ਹਜ਼ਰਤ ਅਬੂ ਹੁਰੈਰਾ ਤੋਂ ਰਿਵਾਇਤ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਮਆਜ਼ ਬਿਨ ਜਮੂਹ ਕਿੰਨ੍ਹਾ ਹੀ ਚੰਗਾ ਵਿਅਕਤੀ ਹੈ, ਅਲੱਾਹ ਤਆਲਾ ਹਜ਼ਾਰਾਂ ਹਜ਼ਾਰ ਰਹਿਮਤਾਂ ਨਾਜ਼ਲ ਕਰੇਗਾ ਉਹਨਾਂ ਲੋਕਾਂ'ਤੇ ਜੋ ਰੱਬ ਅਤੇ ਉਸ ਦੇ ਹਬੀਬ ਦੇ ਪ੍ਰੇਮ ਵਿੱਚ ਡੁਬੱਕੇ ਉਸ ਦੀ ਰਜ਼ਾ ਨੂੰ ਹਾਸਲ ਕਰਨ ਵਾਲੇ ਬਣਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਨਮਾਜ਼ ਦੇ ਬਾਦ ਇਕ ਜਨਾਜ਼ਾ ਗ਼ੈਬ ਵੀ ਪੜ੍ਹਵਾਂਗਾ ਜੋ ਮੁਕਰੱਮ ਮਲਕ ਸੁਲਤਾਨ ਹਾਰੂਨ ਸਾਹਬ ਦਾ ਹੈ ਜਿੰਨ੍ਹਾ ਦੀ ਵਫ਼ਾਤ 27 ਮਾਰਚ ਨੂੰ ਇਸਲਾਮਾਬਾਦ ਵਿੱਚ ਹੋਈ ਹੈ । اناللهوانااليه راجعون۔ । ਇਹਨਾ ਦੇ ਵੱਡੇ ਪੁਤੱਰ ਹਜ਼ਰਤ ਖ਼ਲੀਫ਼ਾਤੁਲ ਮਸੀਹ ਰਾਬੇ ਦੇ ਦਾਮਾਦ ਵੀ ਹਨ । ਇਹਨਾਂ ਦੇ ਪਿਤਾ ਦਾ ਨਾਂ ਕਰਨਲ ਮਲਕ ਸੁਲਤਾਨ ਮੁਹਮੱਦ ਖਾਨ ਸਾਹਬ ਸੀ ਜਿੰਨ੍ਹਾ ਨੇ 23 ਸਾਲ ਦੀ ਉਮਰ ਵਿੱਚ 1923 ਈ. ਵਿੱਚ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਹ ਅਨਹੁ ਦੇ ਹੱਥ'ਤੇ ਬੈਅਤ ਕੀਤੀ ਸੀ । ਆਪਣੇ ਪਰਿਵਾਰ ਵਿੱਚ ਇਕੱਲੇ ਅਹਮਦੀ ਸਨ । ਇਹਨਾ ਦੀ ਭੈਣ ਰਾਸ਼ਦਾ ਸਿਆਲ ਸਾਹਿਬਾ ਕਹਿੰਦੀ ਹਨ ਕਿ ਸੁਲਤਾਨ ਹਾਰੂਨ ਖ਼ਾਨ ਮੇਰਾ ਭਰਾ ਬਹੁਤ ਹੀ ਖ਼ੂਬੀਆਂ ਦਾ ਮਾਲਕ ਸੀ । ਅਹਮਦੀਅਤ ਲਈ ਅਤਿਅੰਤ ਗ਼ੈਰਤ ਰਖੱਣ ਵਾਲਾ ਅਤੇ ਖ਼ਿਲਾਫ਼ਤ ਲਈ ਜਾਨ ਕੁਰਬਾਨ ਕਰਨ ਵਾਲਾ ਮਿਤੱਰਾਂ ਦਾ ਸਚੱਾ ਮਿਤੱਰ ਅਤੇ ਦੁਸ਼ਮਣਾ'ਤੇ ਭਾਰੀ ਸੀ । ਗ਼ਰੀਬਾਂ ਤੇ ਮਿਸਕੀਨਾ ਦਾ ਸਹਾਰਾ ਸੀ ।

ਅਲੱਾਹ ਤਆਲਾ ਉਹਨਾਂ ਨਾਲ ਰਹਿਮਤ ਦੇ ਬਖ਼ਸ਼ਿਸ਼ ਦਾ ਸੁਲੂਕ ਫ਼ਰਮਾਏ ਅਤੇ ਉਹਨਾ ਦੀਸੰਤਾਨ ਨੂੰ ਵੀ ਉਹਨਾ ਦੀਆਂ ਨੇਕੀਆਂ ਉਪੱਰ ਕਾਇਮ ਰੱਖੇ ਅਤੇ ਜਮਾਤ ਤੇ ਖ਼ਿਲਾਫ਼ਤ ਨਾ ਸਲੰਗਤ ਰੱਖੇ ।

★★★★ ਖ਼ੁਤਬਾ ਸਾਨੀਆ ★★★★

**Khulasa Khutba Jumma 05.04.2019**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131